# Foreign Secretary's Conference Call with counterparts from Indo-Pacific Countries

March 20, 2020

…………………………………………………………………………………………………………..

## ਵਿਦੇਸ਼ ਸਕੱਤਰ ਦੀ ਭਾਰਤ-ਪ੍ਰਸ਼ਾਂਤ ਦੇਸ਼ਾਂ ਦੇ ਆਪਣੇ ਬਰਾਬਰ ਦੇ ਧਿਰਾਂ ਨਾਲ ਕਾਨਫਰੈਂਸ ਕਾੱਲ

20 ਮਾਰਚ, 2020

ਵਿਦੇਸ਼ ਸਕੱਤਰ ਸ਼੍ਰੀ ਹਰਸ਼ਵਰਧਨ ਸ਼੍ਰਿੰਗਲਾ ਨੇ 20 ਮਾਰਚ, 2020 ਨੂੰ ਕੋਵਿਡ-19 ਦਾ ਮੁਕਾਬਲਾ ਕਰਨ ਨਾਲ ਜੁੜੇ ਮੁੱਦਿਆਂ ਬਾਰੇ ਗੱਲ ਕਰਨ ਲਈ ਸੰਯੁਕਤ ਰਾਜ ਅਮਰੀਕਾ ਦੇ ਡਿਪਟੀ ਸੇਕ੍ਰੇਟਰੀ ਆਫ ਸਟੇਟ ਸਟੀਫਨ ਬੀਗਨ ਦੁਆਰਾ ਭਾਰਤ-ਪ੍ਰਸ਼ਾਂਤ ਖੇਤਰ ਦੇ ਕੁਝ ਦੇਸ਼ਾਂ ਨਾਲ ਆਰੰਭੀ ਗਈ ਟੈਲੀਫ਼ੋਨਿਕ ਕਾਨਫਰੈਂਸ ਕਾੱਲ ਵਿਚ ਹਿੱਸਾ ਲਿਆ। ਇਸ ਟੈਲੀਕਾੱਨਫਰੰਸ ਵਿਚ ਆਸਟਰੇਲੀਆ, ਕੋਰਿਆਈ ਗਣਰਾਜ, ਕੋਰੀਆ, ਵਿਅਤਨਾਮ, ਨਿਊਜ਼ੀਲੈਂਡ ਅਤੇ ਜਾਪਾਨ ਦੇ ਸੀਨੀਅਰ ਨੁਮਾਇੰਦੇ ਸ਼ਾਮਲ ਹੋਏ।

ਇਸ ਗੱਲਬਾਤ ਵਿਚ ਹਿੱਸਾ ਲੈਣ ਵਾਲਿਆਂ ਨੇ ਕੋਵਿਡ -19 ਦੇ ਮੌਜੂਦਾ ਹਾਲਾਤ ਬਾਰੇ ਆਪਣੇ ਮੁਲਾਂਕਣ ਸਾਂਝੇ ਕੀਤੇ ਅਤੇ ਇਸ ਦੇ ਫੈਲਾਅ ਨੂੰ ਰੋਕਣ ਲਈ ਆਪਣੀਆਂ ਕੋਸ਼ਿਸ਼ਾਂ ਵਿਚ ਇੱਕਜੁਟਤਾ ਲਿਆਉਣ ਦੇ ਤਰੀਕਿਆਂ ਬਾਰੇ ਗੱਲਬਾਤ ਕੀਤੀ।

ਵਿਦੇਸ਼ ਸਕੱਤਰ ਸ਼੍ਰੀ ਸ਼੍ਰਿੰਗਲਾ ਨੇ ਭਾਗੀਦਾਰਾਂ ਨੂੰ ਪ੍ਰਧਾਨ ਮੰਤਰੀ ਦੀ ਅਗਵਾਈ ਹੇਠ ਕੌਮੀ ਪੱਧਰ 'ਤੇ ਅਤੇ ਇਸ ਖੇਤਰ ਵਿਚ ਚੁੱਕੇ ਗਏ ਕਿਰਿਆਸ਼ੀਲ ਕਦਮਾਂ ਬਾਰੇ ਜਾਣਕਾਰੀ ਦਿੱਤੀ। ਉਨ੍ਹਾਂ ਨੇ ਇਸ ਖੇਤਰ ਦੇ ਭਾਈਵਾਲਾਂ ਨਾਲ ਭਾਰਤ ਦੀ ਬਾਕਾਇਦਾ ਆਪਣੇ ਨਜ਼ਰੀਏ ਸਾਂਝੇ ਕਰਨ ਅਤੇ ਇਸ ਚੁਣੌਤੀ ਨਾਲ ਨਜਿੱਠਣ ਲਈ ਹੋਰਾਂ ਨਾਲ ਮਿਲਜੁਲ ਕੇ ਕੰਮ ਕਰਨ ਦੀ ਇੱਛਾ ਪ੍ਰਗਟਾਈ। ਭਾਗੀਦਾਰਾਂ ਵੱਲੋਂ ਇਹ ਕਾਨਫਰੈਂਸ ਕਾਲ ਹਫਤਾਵਾਰੀ ਆਧਾਰ 'ਤੇ ਜਾਰੀ ਰੱਖੇ ਜਾਣ ਦੀ ਆਸ ਹੈ, ਜਿਸ ਅੰਦਰ ਟੀਕੇ ਦੇ ਵਿਕਾਸ ਦੇ ਮਾਮਲੇ 'ਚ ਸਹਿਯੋਗ, ਫਸੇ ਹੋਏ ਨਾਗਰਿਕਾਂ ਦੀਆਂ ਚੁਣੌਤੀਆਂ, ਲੋੜਵੰਦ ਦੇਸ਼ਾਂ ਨੂੰ ਮਦਦ ਅਤੇ ਦੁਨੀਆਂ ਦੀ ਆਰਥਿਕਤਾ 'ਤੇ ਪੈ ਰਹੇ ਅਸਰ ਨੂੰ ਘਟਾਉਣਾ ਆਦਿ ਵਰਗੇ ਮੁੱਦੇ ਸ਼ਾਮਲ ਹੋਣਗੇ।

ਨਵੀਂ ਦਿੱਲੀ
20 ਮਾਰਚ 2020

DISCLAIMER : This is an approximate translation. The original is available in English on MEA's website and may be referred to as the official press release.